ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-5015864, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵੱਲ

1. ਸਮੂਹ ਮੰਡਲ ਸਿੱਖਿਆ ਅਫਸਰ
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
3. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
4. ਸਮੂਹ ਸਕੂਲ ਮੁੱਖੀ ਮਿਡਲ, ਹਾਈ, ਸਸਸ (ਵੈਬ ਸਾਈਟ)

ਮੀਮੋ ਨੰ: ਆਰ.ਟੀ.ਈ/2013/ 000274
ਮਿਤੀ,ਚੰਡੀਗੜ੍ਹ: 2.1.2013

ਵਿਸ਼ਾ: ਅਧਿਆਪਕਾਂ ਤੋਂ ਸਕੂਲੀ ਸਮੇਂ ਦੌਰਾਨ ਗੈਰ ਵਿਦਿਅਕ ਕੰਮ ਨਾ ਲੈਣ ਬਾਰੇ।

1.0 ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰ: ਏ.ਐਸ.ਪੀ.ਡੀ ਕੋਆਰਡੀਨੇਸ਼ਨ/85668 ਮਿਤੀ 14 ਸਤੰਬਰ 2012 ਰਾਹੀਂ ਸਪਸ਼ਟ ਕੀਤਾ ਗਿਆ ਸੀ ਕਿ ਕਿਸੇ ਵੀ ਅਧਿਆਪਕ ਤੋਂ ਗੈਰ ਵਿਦਿਅਕ ਕੰਮ ਸਕੂਲੀ ਸਮੇਂ ਦੌਰਾਨ ਨਾ ਕਰਵਾਇਆ ਜਾਵੇ। ਪਰ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਕੇ ਅਧਿਆਪਕਾਂ ਵੱਲੋਂ ਸਕੂਲੀ ਸਮੇਂ ਦੌਰਾਨ ਹੀ ਗੈਰ ਵਿਦਿਅਕ ਕੰਮਾਂ ਲਈ ਲਗਾਈਆਂ ਡਿਊਟੀਆਂ ਨਿਭਾਈਆਂ ਜਾ ਰਹੀਆਂ ਹਨ ।

2.0 ਜਦੋਂ ਕਿ ਇਸ ਬਾਰੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨ ਆਫ ਇੰਡੀਆ ਬਨਾਮ ਸੈਂਟ ਮੈਰੀ ਸਕੂਲ(ਸਿਵਲ ਅਪੀਲ ਨੰ: 5659 ਆਫ 2007) ਰਾਹੀਂ ਫੈਸਲਾ ਕਰਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਸਨ:-
"Teachers should not ordinarily be put on duty on teaching days and within teaching hours."

3.0 ਇਸ ਤੋਂ ਇਲਾਵਾ ਭਾਰਤ ਸਰਕਾਰ ਵੱਲੋਂ ਬਣਾਏ ਗਏ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 ਵਿੱਚ ਸਪਸ਼ਟ ਲਿਖਿਆ ਗਿਆ ਹੈ ਕਿ ਕਿਸੇ ਵੀ ਟੀਚਰ ਦੀ ਡਿਊਟੀ ਗੈਰ ਵਿਦਿਅਕ ਕੰਮਾਂ ਲਈ ਨਹੀਂ ਲਗਾਈ ਜਾਵੇਗੀ।

4.0 ਇਹ ਵੇਖਣ ਵਿੱਚ ਆਇਆ ਹੈ ਕਿ ਜਦੋਂ ਵੀ ਅਧਿਆਪਕਾਂ ਨੂੰ ਕਿਸੇ ਗੈਰ ਵਿਦਿਅਕ ਕੰਮ ਲਈ ਡਿਊਟੀ ਦੇ ਹੁਕਮ ਪ੍ਰਾਪਤ ਹੁੰਦੇ ਹਨ ਜੋ ਕਿ ਉਹਨਾਂ ਨੇ ਡਿਊਟੀ ਸਮੇਂ ਤੋਂ ਬਾਅਦ ਕਰਨੇ ਹੁੰਦੇ ਹਨ (ਜਿਸ ਲਈ ਉਹਨਾਂ ਨੂੰ ਵੱਖਰੇ ਤੌਰ ਤੇ ਮਾਨ ਭੱਤਾ ਮਿਲਦਾ ਹੈ) ਪਰ ਕਈ ਵਾਰ ਅਧਿਆਪਕ ਸਕੂਲ ਸਮੇਂ ਵਿੱਚ ਆਪਣੀ ਡਿਊਟੀ ਤੋਂ ਫਾਰਗ ਹੋ ਜਾਂਦੇ ਹਨ ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਮੁੱਖ ਤੌਰ ਤੇ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ । ਇਥੇ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਧਿਆਪਕ ਨੂੰ ਗੈਰ ਵਿਦਿਅਕ ਕੰਮਾਂ ਲਈ ਸਕੂਲੀ ਸਮੇਂ ਦੌਰਾਨ ਡਿਊਟੀ ਤੋਂ ਫਾਰਗ ਨਾ ਕੀਤਾ ਜਾਵੇ ।

ਕਾਹਨ ਸਿੰਘ ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: 000275
ਮਿਤੀ,ਚੰਡੀਗੜ੍ਹ: 2.1.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ।
2. ਸਮੂਹ ਡਿਪਟੀ ਕਮਿਸ਼ਨਰ ਪੰਜਾਬ।
3. ਡੀ.ਪੀ.ਆਈ(ਸੈ.ਸਿ) ਪੰਜਾਬ।
4. ਡੀ.ਪੀ.ਆਈ(ਐ.ਸਿ) ਪੰਜਾਬ
5. ਸਮੂਹ ਐਸ.ਡੀ.ਐਮ. ਪੰਜਾਬ

ਕਾਹਨ ਸਿੰਘ ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ